CALIFORNIA Water Boards
STATE WATER RESOURCES CONTROL BOARD
REGIONAL WATER QUALITY CONTROL BOARDS

# ਕਾਵੇਹ (KAWEAH) ਸਬਬੇਸਿਨ ਸਟਾਫ ਮੁਲਾਂਕਣ

# ਕਾਰਜਕਾਰੀ ਸਾਰ

ਅਕਤੂਬਰ 2025

## SGMA ਪਿਛੋਕੜ

ਰਾਜ ਜਲ ਸਰੋਤ ਨਿਯੰਤਰਣ ਬੋਰਡ (ਰਾਜ ਜਲ ਬੋਰਡ ਜਾਂ ਬੋਰਡ) ਦਾ ਕਾਰਜ-ਉਦੇਸ਼ ਅਤੇ ਜ਼ਿੰਮੇਵਾਰੀ ਕੈਲੀਫੋਰਨੀਆ ਦੇ ਪਾਣੀ ਦੇ ਸਰੋਤਾਂ ਦੀ ਗੁਣਵੱਤਾ ਨੂੰ ਬਰਕਰਾਰ ਰੱਖਣਾ, ਬਿਹਤਰ ਬਣਾਉਣਾ, ਅਤੇ ਮੁੜ ਸਥਾਪਿਤ ਕਰਨਾ ਅਤੇ ਉਨ੍ਹਾਂ ਨੂੰ ਸਾਰੀਆਂ ਵਰਤਮਾਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਸੁਰੱਖਿਅਤ ਕਰਨਾ ਹੈ। ਸਾਲ 2014 ਵਿੱਚ, ਰਾਜ ਵਿਧਾਨ ਸਭਾ ਨੇ ਇਤਿਹਾਸਕ ਸਥਾਈ ਭੂਮੀਗਤ ਜਲ ਪ੍ਰਬੰਧਨ ਐਕਟ (Sustainable Groundwater Management Act, SGMA) ਪਾਸ ਕੀਤਾ ਜਿਸ ਨੇ ਇਹ ਨਿਰਧਾਰਿਤ ਕੀਤਾ ਕਿ ਲੰਬੇ ਸਮੇਂ ਦੀ ਸਥਿਰਤਾ ਪ੍ਰਾਪਤ ਕਰਨ ਲਈ ਬੇਸਿਨ ਪੱਧਰ 'ਤੇ ਸਥਾਨਕ ਤੌਰ 'ਤੇ ਭੂਮੀਗਤ ਜਲ ਦਾ ਪ੍ਰਬੰਧਨ ਕਿਵੇਂ ਕੀਤਾ ਜਾਵੇਗਾ। SGMA ਸਥਾਨਕ ਜਨਤਕ ਏਜੰਸੀਆਂ ਨੂੰ ਸੈਲਾਬੀ ਭੂਮੀਗਤ ਜਲ ਵਾਲੇ ਬੇਸਿਨਾਂ ਵਿੱਚ ਭੂਮੀਗਤ ਜਲ ਸਥਿਰਤਾ ਏਜੰਸੀਆਂ (GSAs) ਬਣਾਉਣ ਦਾ ਅਧਿਕਾਰ ਦਿੰਦਾ ਹੈ ਅਤੇ ਇਹ ਵੀ ਜ਼ਰੂਰੀ ਕਰਦਾ ਹੈ ਕਿ ਕੈਲੀਫੋਰਨੀਆ ਜਲ ਸਰੋਤ ਵਿਭਾਗ (DWR) ਦੁਆਰਾ ਉੱਚ-ਪ੍ਰਾਥਮਿਕਤਾ ਅਤੇ ਮੱਧ-ਪ੍ਰਾਥਮਿਕਤਾ ਵਜੋਂ ਨਾਮਜ਼ਦ ਬੇਸਿਨਾਂ ਦਾ ਪ੍ਰਬੰਧਨ ਭੂਮੀਗਤ ਜਲ ਸਥਿਰਤਾ ਯੋਜਨਾਵਾਂ (GSPs) ਦੁਆਰਾ ਕੀਤਾ ਜਾਵੇ। ਇਹ ਸਥਾਨਕ ਏਜੰਸੀਆਂ ਆਪਣੇ ਭੂਮੀਗਤ ਜਲ ਵਾਲੇ ਬੇਸਿਨਾਂ ਦੇ ਸਥਾਈ ਪ੍ਰਬੰਧਨ ਲਈ ਜ਼ਿੰਮੇਵਾਰ ਹਨ; ਹਾਲਾਂਕਿ, ਰਾਜ ਏਜੰਸੀਆਂ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਨ ਕਿ ਸਥਾਨਕ ਭੂਮੀਗਤ ਜਲ ਪ੍ਰਬੰਧਨ SGMA ਦੇ ਟੀਚਿਆਂ ਨੂੰ ਪ੍ਰਾਪਤ ਕਰੇ।

SGMA ਦੇ ਤਹਿਤ, DWR ਭੂਮੀਗਤ ਜਲ ਸਥਿਰਤਾ ਯੋਜਨਾਵਾਂ (GSPs) ਦੀ ਸਮੀਖਿਆ ਕਰਨ ਲਈ ਜ਼ਿੰਮੇਵਾਰ ਹੈ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਕੀ ਸਥਾਨਕ ਕਾਰਵਾਈਆਂ ਭੂਮੀਗਤ ਜਲ ਦੀ ਸਥਾਈ ਵਰਤੋਂ ਨੂੰ ਯਕੀਨੀ ਬਣਾਉਣ ਲਈ ਢੁਕਵੀਆਂ ਹੋਣਗੀਆਂ। ਜੇਕਰ DWR ਨੂੰ ਇੰਝ ਲੱਗਦਾ ਹੈ ਕਿ ਸਥਾਨਕ ਬੇਸਿਨ ਪ੍ਰਬੰਧਨ ਭੂਮੀਗਤ ਜਲ ਦੀ ਅਸਥਾਈ ਵਰਤੋਂ ਨੂੰ ਦੂਰ ਕਰਨ ਲਈ ਨਾਕਾਫੀ ਹੈ, ਤਾਂ DWR ਦਾ ਨਾਕਾਫੀ ਨਿਰਧਾਰਨ ਰਾਜ ਜਲ ਬੋਰਡ ਦੀ ਰਾਜ ਦਖਲਅੰਦਾਜ਼ੀ ਪ੍ਰਕਿਰਿਆ ਨੂੰ ਸ਼ੁਰੂ ਕਰੇਗਾ। ਜਦੋਂ ਕਿਸੇ ਬੇਸਿਨ GSP ਜਾਂ GSPs ਨੂੰ ਨਾਕਾਫੀ ਕਰਾਰ ਦਿੱਤਾ ਜਾਂਦਾ ਹੈ, ਤਾਂ ਬੋਰਡ ਸਟਾਫ GSAs ਦੀ ਯੋਜਨਾ ਜਾਂ ਯੋਜਨਾ ਦੇ ਲਾਗੂਕਰਨ ਵਿੱਚ ਪਛਾਣੀਆਂ ਗਈਆਂ ਕਮੀਆਂ ਨੂੰ

ਠੀਕ ਕਰਨ ਲਈ GSAs ਨਾਲ ਕੰਮ ਕਰਨਾ ਸ਼ੁਰੂ ਕਰੇਗਾ। ਜੇਕਰ ਰਾਜ ਜਲ ਬੋਰਡ ਇਹ ਨਿਰਧਾਰਤ ਕਰਦਾ ਹੈ ਕਿ GSAs ਨੇ ਭੂਮੀਗਤ ਜਲ ਦੇ ਪ੍ਰਬੰਧਨ ਦੇ ਮੁੱਦਿਆਂ ਨੂੰ ਢੁਕਵੇਂ ਢੰਗ ਨਾਲ ਹੱਲ ਕਰ ਲਿਆ ਹੈ, ਤਾਂ ਬੋਰਡ ਇੱਕ ਸਬਬੇਸਿਨ ਨੂੰ ਰਾਜ ਜਲ ਬੋਰਡ ਦੀ ਪ੍ਰਕਿਰਿਆ ਤੋਂ ਮੁਕਤ ਕਰ ਸਕਦਾ ਹੈ ਅਤੇ ਇਸਨੂੰ DWR ਦੇ ਅਧਿਕਾਰ ਖੇਤਰ ਵਿੱਚ ਵਾਪਸ ਭੇਜ ਸਕਦਾ ਹੈ। ਇਸ ਤੋਂ ਇਲਾਵਾ, ਰਾਜ ਜਲ ਬੋਰਡ, ਇੱਕ ਸੂਚਿਤ ਜਨਤਕ ਸੁਣਵਾਈ ਪ੍ਰਕਿਰਿਆ ਰਾਹੀਂ, ਬੇਸਿਨ ਨੂੰ SGMA ਦੇ ਤਹਿਤ "ਪ੍ਰੋਬੇਸ਼ਨਰੀ" ਵਜੋਂ ਨਾਮਜ਼ਦ ਕਰ ਸਕਦਾ ਹੈ ਅਤੇ ਬੇਸਿਨ ਵਿੱਚੋਂ ਪਾਣੀ ਕੱਢਣ ਵਾਲਿਆਂ ਤੋਂ ਭੂਮੀਗਤ ਜਲ ਦੀ ਪੰਪਿੰਗ ਬਾਰੇ ਜਾਣਕਾਰੀ ਅਤੇ ਫੀਸਾਂ ਇਕੱਤਰ ਕਰ ਸਕਦਾ ਹੈ। ਪ੍ਰੋਬੇਸ਼ਨਰੀ ਸਥਿਤੀ ਦੇ ਇੱਕ ਸਾਲ ਬਾਅਦ, ਬੋਰਡ ਇੱਕ ਅੰਤਰਿਮ ਯੋਜਨਾ ਵਿਕਸਿਤ ਕਰ ਸਕਦਾ ਹੈ ਅਤੇ ਅਪਣਾ ਸਕਦਾ ਹੈ ਜੋ ਬੇਸਿਨ ਵਿੱਚ ਪੰਪਿੰਗ ਦਾ ਸਿੱਧਾ ਪ੍ਰਬੰਧਨ ਕਰਦੀ ਹੈ। ਰਾਜ ਦਖਲਅੰਦਾਜ਼ੀ ਇੱਕ ਅਜਿਹੀ ਪ੍ਰਕਿਰਿਆ ਹੈ ਜਿਸਦੇ ਨਤੀਜੇ ਵਜੋਂ ਰਾਜ ਜਲ ਬੋਰਡ ਅਸਥਾਈ ਤੌਰ 'ਤੇ ਭੂਮੀਗਤ ਜਲ ਦੇ ਸਰੋਤਾਂ ਦਾ ਪ੍ਰਬੰਧਨ ਅਤੇ ਸੁਰੱਖਿਆ ਕਰ ਸਕਦਾ ਹੈ ਜਦੋਂ ਤੱਕ ਸਥਾਨਕ ਏਜੰਸੀਆਂ ਇਸ ਨੂੰ ਢੁਕਵੇਂ ਢੰਗ ਨਾਲ ਕਰਨ ਦੇ ਸਮਰੱਥ ਅਤੇ ਇੱਛੁਕ ਨਹੀਂ ਹੋ ਜਾਂਦੀਆਂ। ਰਾਜ ਦਖਲਅੰਦਾਜ਼ੀ ਸਥਾਨਕ ਪ੍ਰਬੰਧਨ ਤੋਂ ਵੱਖਰੀ ਹੈ ਅਤੇ ਇਸਦਾ ਮਕਸਦ ਅਸਥਾਈ ਹੋਣਾ ਹੈ। ਰਾਜ ਦਖਲਅੰਦਾਜ਼ੀ ਪ੍ਰਕਿਰਿਆ ਦਾ ਟੀਚਾ ਭੂਮੀਗਤ ਜਲ ਦੀ ਸਥਾਈ ਵਰਤੋਂ ਨੂੰ ਯਕੀਨੀ ਬਣਾਉਣਾ ਅਤੇ ਜਿਵੇਂ ਹੀ ਸਥਾਨਕ ਕਾਰਵਾਈਆਂ ਸਥਿਰਤਾ ਪ੍ਰਾਪਤ ਕਰਨ ਲਈ ਕਾਫੀ ਹੋ ਜਾਣ, ਇੱਕ ਬੇਸਿਨ ਨੂੰ ਸਥਾਨਕ ਪ੍ਰਬੰਧਨ ਵਿੱਚ ਵਾਪਸ ਭੇਜਣਾ ਹੈ। ਇਸ ਰਾਜ ਜਲ ਬੋਰਡ ਸਟਾਫ ਮੁਲਾਂਕਣ (ਸਟਾਫ ਮੁਲਾਂਕਣ) ਦਾ ਭਾਗ 1 ਰਾਜ ਦਖਲਅੰਦਾਜ਼ੀ ਪ੍ਰਕਿਰਿਆ ਬਾਰੇ ਵਧੇਰੇ ਜਾਣਕਾਰੀ ਰੱਖਦਾ ਹੈ।

## ਕਾਵੇਹ (Kaweah) ਸਬਬੇਸਿਨ

ਕਾਵੇਹ ਸਬਬੇਸਿਨ ਕਿੰਗਜ਼ ਅਤੇ ਟੁਲਾਰੇ ਕਾਊਂਟੀਜ ਵਿੱਚ, ਸੈਨ ਜੋਕਿਨ ਵੈਲੀ (San Joaquin Valley) ਦੇ ਦੱਖਣੀ ਭਾਗ ਵਿੱਚ ਸਥਿਤ ਹੈ, ਅਤੇ ਇਸ ਵਿੱਚ ਵਿਸਾਲੀਆ ਅਤੇ ਟੁਲਾਰੇ ਦੇ ਸ਼ਹਿਰ ਸ਼ਾਮਲ ਹਨ (Figure 1)। ਬਹੁਤ ਪੁਰਾਣੇ ਸਮੇਂ ਤੋਂ, ਹੇਠ ਲਿਖੀਆਂ ਕੈਲੀਫੋਰਨੀਆ ਦੀਆਂ ਮੂਲ ਅਮਰੀਕੀ ਕਬੀਲਿਆਂ ਦਾ ਕਾਵੇਹ ਸਬਬੇਸਿਨ ਨਾਲ ਸੱਭਿਆਚਾਰਕ, ਰਵਾਇਤੀ ਜਾਂ ਪੁਰਖਿਆਂ ਦਾ ਸਬੰਧ ਰਿਹਾ ਹੈ: ਬਿਗ ਸੈਂਡੀ ਰੈਂਚੇਰੀਆ ਆਫ਼ ਵੈਸਟਰਨ ਮੋਨੋ ਇੰਡੀਅਨਜ਼, ਕਿੰਗਜ ਰਿਵਰ ਚੋਇਨੁਮਨੀ ਫਾਰਮ ਟ੍ਰਾਈਬ, ਨੌਰਥ ਫੋਰਕ ਮੋਨੋ ਟ੍ਰਾਈਬ, ਸੈਂਟਾ ਰੋਜ਼ਾ ਰੈਂਚੇਰੀਆ ਟਾਕੀ ਯੋਕੁਟ ਟ੍ਰਾਈਬ, ਟੂਲੇ ਰਿਵਰ ਇੰਡੀਅਨ ਟ੍ਰਾਈਬ, ਅਤੇ ਵੁਕਸਾਚੇ ਇੰਡੀਅਨ ਟ੍ਰਾਈਬ/ਏਸ਼ੋਮ ਵੈਲੀ ਬੈਂਡ[1]।

ਕਾਵੇਹ ਸਬਬੇਸਿਨ ਤਿੰਨ GSAs ਦੁਆਰਾ ਪ੍ਰਬੰਧਿਤ ਕੀਤਾ ਜਾਂਦਾ ਹੈ: ਪੂਰਬੀ ਕਾਵੇਹ GSA, ਗ੍ਰੇਟਰ ਕਾਵੇਹ GSA, ਅਤੇ ਮਿਡ-ਕਾਵੇਹ GSA (ਸਮੂਹਿਕ ਤੌਰ 'ਤੇ, ਕਾਵੇਹ GSAs ਜਾਂ GSAs)। ਹਰੇਕ GSA ਨੇ ਉਹਨਾਂ ਦਾ ਆਪਣਾ GSA ਲਿਖਿਆ ਹੈ ਅਤੇ ਤਿੰਨ GSPs ਇਕੱਠੇ ਤਾਲਮੇਲ ਸਮਝੌਤੇ ਦੁਆਰਾ ਜੁੜੇ ਹੋਏ ਹਨ। ਸਬਬੇਸਿਨ ਦੇ ਅੰਦਰ ਭੂਮੀਗਤ ਜਲ ਦੀ ਮੁੱਖ ਵਰਤੋਂ ਸਿੰਚਾਈ ਵਾਲੀ ਖੇਤੀ ਹੈ; 2020 ਵਿੱਚ, ਸਿੰਚਾਈ ਵਾਲੀ ਖੇਤੀ ਨੇ ਸਬਬੇਸਿਨ ਵਿੱਚ ਭੂਮੀਗਤ ਜਲ ਦੀ ਵਰਤੋਂ ਦੇ 94 ਪ੍ਰਤੀਸ਼ਤ ਤੋਂ ਵੱਧ ਦੀ ਵਰਤੋਂ ਕੀਤੀ ਸੀ[2]। ਇਸ ਸਬਬੇਸਿਨ ਗੰਭੀਰ ਰੂਪ ਵਿੱਚ ਓਵਰਡਰਾਫਟ (ਪਾਣੀ ਦੀ ਬਹੁਤ ਜ਼ਿਆਦਾ ਕਮੀ) ਹੈ, ਭਾਵ ਕਿ ਸਬਬੇਸਿਨ ਵਿੱਚੋਂ ਪਾਣੀ ਜਿੰਨੀ ਤੇਜ਼ੀ ਨਾਲ ਬਾਹਰ ਕੱਢਿਆ ਜਾਂਦਾ ਹੈ, ਓਨੀ ਤੇਜ਼ੀ ਨਾਲ ਵਰਖਾ ਅਤੇ ਹੋਰ ਸਰੋਤ ਇਸਨੂੰ ਵਾਪਸ ਨਹੀਂ ਭਰਦੇ। ਔਸਤਨ, ਇੱਕ ਸਾਲ ਵਿੱਚ ਸਬਬੇਸਿਨ ਤੋਂ ਪੰਪ ਕੀਤੀ ਗਈ ਮਾਤਰਾ ਰੀਚਾਰਜ ਕੀਤੀ ਗਈ ਮਾਤਰਾ ਤੋਂ 104,000 ਏਕੜ-ਫੁੱਟ ਵੱਧ ਹੈ[3]। ਓਵਰਡਰਾਫਟ ਕਾਰਨ ਜ਼ਮੀਨੀ ਸਤ੍ਹਾ ਧੱਸ ਸਕਦੀ ਹੈ, ਜਿਸ ਨਾਲ ਸੰਭਾਵੀ ਤੌਰ 'ਤੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਹੋ ਸਕਦਾ ਹੈ ਅਤੇ ਐਕਵੀਫਰ ਸਟੋਰੇਜ ਘੱਟ ਸਕਦੀ ਹੈ। ਇਸ ਤੋਂ ਇਲਾਵਾ, ਓਵਰਡਰਾਫਟ ਭੂਮੀਗਤ ਜਲ ਪੱਧਰ ਅਤੇ

---

[1] ਨੇਟਿਵ ਅਮੈਰੀਕਨ ਹੈਰੀਟੇਜ ਕਮਿਸ਼ਨ, ਨਿੱਜੀ ਸੰਚਾਰ, 11 ਮਈ, 2023

[2] 2024 ਕਾਵੇਹ ਸਬਬੇਸਿਨ ਤਾਲਮੇਲ ਸਮਝੌਤਾ, ਅੰਤਿਕਾ 1, ਪੰਨਾ 27

[3] 2024 ਗ੍ਰੇਟਰ ਕਾਵੇਹ GSP, ਪੰਨਾ 1-1

ਪੀਣ ਵਾਲੇ ਪਾਣੀ ਦੀ ਗੁਣਵੱਤਾ ਨੂੰ ਖ਼ਤਰੇ ਵਿੱਚ ਪਾਉਂਦਾ ਹੈ ਅਤੇ ਉਨ੍ਹਾਂ ਭਾਈਚਾਰਿਆਂ 'ਤੇ ਵੱਖਰਾ ਪ੍ਰਭਾਵ ਪਾ ਸਕਦਾ ਹੈ ਜੋ ਘੱਟ ਡੂੰਘੇ ਭੂਮੀਗਤ ਜਲ ਪੱਧਰਾਂ 'ਤੇ ਨਿਰਭਰ ਕਰਦੇ ਹਨ। ਇਤਿਹਾਸਕ ਅਤੇ ਰਾਜਨੀਤਿਕ ਕਾਰਨਾਂ ਕਰਕੇ, ਇਨ੍ਹਾਂ ਵਿੱਚੋਂ ਬਹੁਤ ਸਾਰੇ ਆਰਥਿਕ ਤੌਰ 'ਤੇ ਪਿਛੜੇ ਅਤੇ ਵੱਖ-ਵੱਖ ਰੰਗ ਦੇ ਭਾਈਚਾਰੇ ਹਨ। ਸਾਲ 2022 ਤੱਕ ਸਬਬੇਸਿਨ ਦੀ ਅਨੁਮਾਨਿਤ ਆਬਾਦੀ 296,632 ਲੋਕ ਹੈ, ਜਿਸ ਵਿੱਚ ਜ਼ਿਆਦਾਤਰ ਆਬਾਦੀ ਹਿਸਪੈਨਿਕ ਜਾਂ ਲੈਟੀਨੋ (60.6%) ਅਤੇ ਗੋਰੇ (31%) ਦੀ ਹੈ[4] (American Community Survey, 2022) । ਸਾਲ 2022 ਵਿੱਚ ਸਬਬੇਸਿਨ ਦੇ ਅੰਦਰ ਔਸਤ ਸਾਲਾਨਾ ਘਰੇਲੂ ਆਮਦਨ $71,000 ਹੈ, ਜੋ ਕਿ ਰਾਜ ਦੀ ਔਸਤ $91,551 ਤੋਂ ਕਾਫ਼ੀ ਘੱਟ ਹੈ[5]।

## 2022 ਦੀਆਂ ਭੂਮੀਗਤ ਜਲ ਸਥਿਰਤਾ ਯੋਜਨਾਵਾਂ ਵਿੱਚ ਆਉਣ ਵਾਲੀਆਂ ਮੁਸ਼ਕਲਾਂ

ਕਾਵੇਹ ਸਬਬੇਸਿਨ ਲਈ ਰਾਜ ਦਖਲਅੰਦਾਜ਼ੀ ਦੀ ਪ੍ਰਕਿਰਿਆ ਮਾਰਚ 2023 ਵਿੱਚ ਸ਼ੁਰੂ ਹੋਈ ਜਦੋਂ DWR ਨੇ ਸਬਬੇਸਿਨ ਦੇ 2022 ਦੇ GSPs ਨੂੰ ਨਾਕਾਫ਼ੀ ਦੱਸਿਆ ਅਤੇ GSPs ਵਿੱਚ ਕਈ ਕਮੀਆਂ ਦੀ ਪਛਾਣ ਕੀਤੀ (ਨਾਕਾਫ਼ੀ ਨਿਰਧਾਰਨ)। DWR ਨੇ ਭੂਮੀਗਤ ਜਲ ਦੇ ਪੱਧਰਾਂ ਵਿੱਚ ਲਗਾਤਾਰ ਗਿਰਾਵਟ ਅਤੇ ਜ਼ਮੀਨੀ ਧਸਣ (ਭੂਮੀਗਤ ਜਲ ਦੀ ਪੰਪਿੰਗ ਕਾਰਨ ਜ਼ਮੀਨ ਦਾ ਧੱਸਣਾ) ਦੇ ਪ੍ਰਬੰਧਨ ਲਈ ਸਥਾਨਕ ਏਜੰਸੀਆਂ ਦੀਆਂ ਯੋਜਨਾਵਾਂ ਬਾਰੇ ਮੁੱਦਿਆਂ ਦੀ ਪਛਾਣ ਕੀਤੀ। ਰਾਜ ਜਲ ਬੋਰਡ ਦੇ ਸਟਾਫ ਨੇ ਸਾਲ 2022 ਦੇ GSPs ਦੀ ਸਮੀਖਿਆ ਕੀਤੀ ਅਤੇ ਨਿਰਧਾਰਤ ਕੀਤਾ ਕਿ ਸਾਲ 2022 ਦੇ GSPs ਨੂੰ ਲਾਗੂ ਕਰਨ ਨਾਲ ਭੂਮੀਗਤ ਜਲ ਦੇ ਪੱਧਰਾਂ ਵਿੱਚ ਹੋਰ ਗਿਰਾਵਟ ਆਵੇਗੀ, ਪਾਣੀ ਦੀ ਗੁਣਵੱਤਾ ਪੀਣ ਵਾਲੇ ਪਾਣੀ ਦੇ ਖੂਹਾਂ 'ਤੇ ਅਸਰ ਪਾਵੇਗੀ, ਅਤੇ ਜ਼ਮੀਨੀ ਧਸਣ ਦੇ ਜਾਰੀ ਰਹਿਣ ਕਾਰਨ ਸਬਬੇਸਿਨ ਦੇ ਬੁਨਿਆਦੀ ਢਾਂਚੇ (ਜਿਵੇਂ ਕਿ ਨਹਿਰਾਂ ਅਤੇ ਬੰਨ੍ਹ) ਨੂੰ ਨੁਕਸਾਨ ਪਹੁੰਚੇਗਾ ਅਤੇ ਆਪਸ ਵਿੱਚ ਜੁੜੇ ਸਤਹੀ ਪਾਣੀ ਦੀ ਸੰਭਾਵੀ ਘਾਟ ਹੋਵੇਗੀ।

2024 ਵਿੱਚ, ਬੋਰਡ ਸਟਾਫ ਨੇ ਕਾਵੇਹ ਸਬਬੇਸਿਨ ਪ੍ਰੋਬੇਸ਼ਨਰੀ ਸੁਣਵਾਈ ਡਰਾਫਟ ਸਟਾਫ ਰਿਪੋਰਟ (ਡਰਾਫਟ ਸਟਾਫ ਰਿਪੋਰਟ) ਜਾਰੀ ਕੀਤੀ ਸੀ। ਡਰਾਫਟ ਸਟਾਫ ਰਿਪੋਰਟ ਵਿੱਚ, ਬੋਰਡ ਸਟਾਫ DWR ਦੇ ਨਾਕਾਫ਼ੀ ਨਿਰਧਾਰਨ ਨਾਲ ਸਹਿਮਤ ਸੀ ਅਤੇ ਸਿਫ਼ਾਰਸ਼ ਕੀਤੀ ਕਿ ਰਾਜ ਜਲ ਬੋਰਡ 7 ਜਨਵਰੀ, 2025 ਨੂੰ ਪ੍ਰੋਬੇਸ਼ਨਰੀ ਸੁਣਵਾਈ 'ਤੇ ਸਬਬੇਸਿਨ ਨੂੰ ਪ੍ਰੋਬੇਸ਼ਨਰੀ ਵਜੋਂ ਮਨੋਨੀਤ ਕਰੇ। ਡਰਾਫਟ ਸਟਾਫ ਰਿਪੋਰਟ ਵਿੱਚ, ਬੋਰਡ ਸਟਾਫ ਨੇ ਸਿਫ਼ਾਰਿਸ਼ ਕੀਤੀਆਂ ਕਾਰਵਾਈਆਂ ਦਾ ਸਾਰ ਦਿੱਤਾ, ਜੋ ਰਾਜ ਜਲ ਬੋਰਡ ਪ੍ਰੋਬੇਸ਼ਨਰੀ ਸੁਣਵਾਈ 'ਤੇ ਕਰ ਸਕਦਾ ਸੀ। ਇਸ ਵਿੱਚ ਉਹ ਸਿਫ਼ਾਰਿਸ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਵੇਂ ਪੂਰੇ ਸਬਬੇਸਿਨ ਦੀ ਪ੍ਰੋਬੇਸ਼ਨਰੀ ਮਨੋਨੀਤ ਕਰਨਾ, ਕੁਝ ਭੂਮੀਗਤ ਜਲ ਕੱਢਣ ਵਾਲਿਆਂ ਤੋਂ ਕੱਢੇ ਜਾਣ ਵਾਲੇ ਪਾਣੀ ਨੂੰ ਮਾਪਣ ਲਈ ਮੀਟਰਾਂ ਦੀ ਲੋੜ ਹੋਣਾ, ਅਤੇ ਰਾਜ ਜਲ ਬੋਰਡ ਨੂੰ ਕੱਢਣ ਦੀ ਰਿਪੋਰਟ ਕਰਨਾ[6]।

## ਸਾਲ 2024 ਦੀ ਭੂਮੀਗਤ ਜਲ ਸਥਿਰਤਾ ਯੋਜਨਾ ਵਿੱਚ ਸੁਧਾਰ

DWR ਦੇ ਨਾਕਾਫ਼ੀ ਨਿਰਧਾਰਨ ਤੋਂ ਬਾਅਦ, ਬੋਰਡ ਦਾ ਸਟਾਫ ਡਰਾਫ਼ਟ ਸਟਾਫ ਰਿਪੋਰਟ ਵਿੱਚ ਪਛਾਣੀਆਂ ਗਈਆਂ ਕਮੀਆਂ ਬਾਰੇ ਚਰਚਾ ਕਰਨ ਲਈ ਨਿਯਮਿਤ ਰੂਪ ਨਾਲ GSAs ਨੂੰ ਮਿਲਦਾ ਹੈ ਅਤੇ ਸੰਭਾਵੀ ਹੱਲਾਂ 'ਤੇ ਫੀਡਬੈਕ ਪ੍ਰਦਾਨ ਕਰਦੇ ਹਨ। GSAs ਨੇ ਬੋਰਡ ਦੇ ਸਟਾਫ ਵੱਲੋਂ ਸਮੀਖਿਆ ਲਈ ਅਤੇ ਜਨਤਕ ਟਿੱਪਣੀ ਲਈ ਸੋਧੇ ਹੋਏ ਡਰਾਫਟ GSPs ਦੇ ਦੋ ਰਾਊਂਡ ਜਾਰੀ ਕੀਤੇ ਹਨ, ਪਹਿਲਾ ਜੂਨ 2024 ਵਿੱਚ ਅਤੇ ਦੂਜਾ ਅਕਤੂਬਰ 2024 ਵਿੱਚ। 13 ਨਵੰਬਰ, 2024 ਨੂੰ, GSAs ਨੇ ਆਪਣੇ 2024 GSPs ਨੂੰ ਅਪਣਾਇਆ। ਸਟਾਫ ਨੇ ਇਹਨਾਂ GSPs ਦੀ ਮੁੱਢਲੀ

---

[4] ਅਮਰੀਕੀ ਭਾਈਚਾਰਕ ਸਰਵੇਖਣ ਦਾ 5-ਸਾਲਾਂ ਦਾ ਅੰਕੜਾ (2018-2022)

[5] Ibid.

[6] 2024 Kaweah Subbasin Probationary Hearing Draft Staff Report, pp. 14-21

ਸਮੀਖਿਆ ਵਿੱਚ ਮਹੱਤਵਪੂਰਨ ਤਰੱਕੀ ਦੇਖੀ, ਅਤੇ ਬੋਰਡ ਨੇ ਸਟਾਫ ਨੂੰ ਵਿਆਪਕ ਸਮੀਖਿਆ ਦੀ ਇਜਾਜ਼ਤ ਦੇਣ ਲਈ, 7 ਜਨਵਰੀ, 2025 ਲਈ ਤੈਅ ਕੀਤੀ ਸੁਣਵਾਈ ਨੂੰ ਰੱਦ ਕਰ ਦਿੱਤਾ।

ਬੋਰਡ ਸਟਾਫ ਨੇ 2024 GSPs ਦਾ ਮੁਲਾਂਕਣ ਕੀਤਾ ਅਤੇ ਨਿਰਧਾਰਤ ਕੀਤਾ ਕਿ GSAs ਨੇ ਆਪਣੇ ਸੋਧਾਂ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। 2024 ਦੇ GSPs ਰਾਹੀਂ, GSAs ਪੀਣ ਵਾਲੇ ਪਾਣੀ ਦੀ ਵਰਤੋਂ ਕਰਨ ਵਾਲਿਆਂ ਦੀ ਸੁਰੱਖਿਆ, ਘਟਦੇ ਭੂਮੀਗਤ ਜਲ ਦੇ ਪ੍ਰਭਾਵਾਂ ਨੂੰ ਘੱਟ ਕਰਨ ਲਈ ਅਤੇ ਬਿਹਤਰ ਭੂਮੀਗਤ ਜਲ ਦੇ ਪ੍ਰਬੰਧਨ ਲਈ ਵਧੇਰੇ ਵਚਨਬੱਧਤਾ ਦਰਸਾਉਂਦੇ ਹਨ। GSAs ਦੁਆਰਾ 2024 ਦੇ GSPs ਵਿੱਚ ਕੀਤੇ ਗਏ ਕੁਝ ਸੁਧਾਰਾਂ ਵਿੱਚ ਸ਼ਾਮਲ ਹਨ:

- ਵੰਡਾਂ ਰਾਹੀਂ ਭੂਮੀਗਤ ਜਲ ਕੱਢਣ ਵਾਲਿਆਂ ਲਈ ਸੀਮਾਵਾਂ ਤੈਅ ਕਰਕੇ ਪੰਪਿੰਗ ਨੂੰ ਘਟਾਉਣਾ।
- ਭੂਮੀਗਤ ਜਲ ਪ੍ਰਬੰਧਨ ਰਣਨੀਤੀਆਂ ਨੂੰ ਬਦਲਣ ਵੇਲੇ ਭਾਈਚਾਰਕ ਮੈਂਬਰਾਂ ਅਤੇ ਵਾਤਾਵਰਣ ਨਿਆਂ ਗਰੁੱਪਾਂ ਦੇ ਨਾਲ ਜੁੜਨਾ।
- ਪੀਣ ਵਾਲੇ ਪਾਣੀ ਦੇ ਖੂਹਾਂ ਅਤੇ ਭੂਮੀਗਤ ਜਲ ਦੇ ਘਟਦੇ ਪੱਧਰਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੋਣ ਵਾਲੇ ਮਹੱਤਵਪੂਰਨ ਬੁਨਿਆਦੀ ਢਾਂਚੇ, ਜ਼ਮੀਨ ਧਸਣ, ਅਤੇ ਭੂਮੀਗਤ ਜਲ ਦੀ ਗੁਣਵੱਤਾ ਦੇ ਵਿਗਾੜ ਲਈ ਮਿਟੀਗੇਸ਼ਨ ਪ੍ਰੋਗਰਾਮ ਸਥਾਪਤ ਕਰਨਾ।
- ਕਿਰਿਆਸ਼ੀਲ ਧਸਣ ਨੂੰ ਖਤਮ ਕਰਨ ਲਈ ਸਿੰਚਾਈ ਪੰਪਿੰਗ ਨੂੰ ਹੇਠਲੇ ਐਕੁਇਫਰ ਤੋਂ ਪਰੇ ਤਬਦੀਲ ਕਰਨਾ।
- ਉੱਪਰਲੇ ਅਤੇ ਹੇਠਲੇ ਐਕੁਇਫਰ ਦੋਵਾਂ ਵਿੱਚ ਘਰੇਲੂ ਖੂਹ ਉਪਭੋਗਤਾਵਾਂ ਦੀ ਕਮਜ਼ੋਰੀ 'ਤੇ ਵਿਚਾਰ ਕਰਨਾ।
- ਘਟਕਾਂ ਦੀ ਇੱਕ ਵਿਸਤ੍ਰਿਤ ਸੂਚੀ ਲਈ ਸਾਲ ਵਿੱਚ ਦੋ ਵਾਰ ਨਮੂਨਾ ਨਿਗਰਾਨੀ ਖੂਹਾਂ ਲਈ ਸਹਿਮਤੀ ਦੇ ਕੇ ਭੂਮੀਗਤ ਜਲ ਦੀ ਗੁਣਵੱਤਾ ਸਬੰਧੀ ਚਿੰਤਾਵਾਂ 'ਤੇ ਧਿਆਨ ਦੇਣਾ।
- ਆਪਸ ਵਿੱਚ ਜੁੜੇ ਸਤਹੀ ਪਾਣੀ ਲਈ ਪ੍ਰਭਾਵਾਂ 'ਤੇ ਧਿਆਨ ਦੇਣ ਅਤੇ ਡੇਟਾ ਅੰਤਰਾਂ ਨੂੰ ਹੱਲ ਕਰਨ ਲਈ ਮਹੱਤਵਪੂਰਨ ਤਰੱਕੀ ਕਰਨਾ।

## ਸਟਾਫ ਦੀਆਂ ਸਿਫ਼ਾਰਸ਼ਾਂ ਅਤੇ ਅਗਲੇ ਕਦਮ

ਬੋਰਡ ਸਟਾਫ ਨੇ ਸਿੱਟਾ ਕੱਢਿਆ ਹੈ ਕਿ GSAs ਨੇ ਆਪਣੇ 2024 ਦੇ GSPs ਵਿੱਚ ਸੋਧ ਕੀਤਾ ਹੈ, ਜਿਵੇਂ ਕਾਵੇਹ ਸਬਬੇਸਿਨ ਦੀ ਪ੍ਰੋਬੇਸ਼ਨਰੀ ਨਾਮਜ਼ਦਗੀ ਜ਼ਰੂਰੀ ਨਹੀਂ ਹੈ। ਬੋਰਡ ਸਟਾਫ SGMA ਹੇਠ ਸਥਾਨਕ ਪ੍ਰਬੰਧਨ ਦੇ ਲਗਾਤਾਰ ਮੁਲਾਂਕਣ ਲਈ ਕਾਵੇਹ ਸਬਬੇਸਿਨ ਨੂੰ DWR ਦੇ ਅਧਿਕਾਰ ਖੇਤਰ ਵਿੱਚ ਵਾਪਸ ਭੇਜਦਾ ਹੈ। ਸਟਾਫ ਮੁਲਾਂਕਣ ਦਾ ਭਾਗ 1.2.1 ਬੇਸਿਨ ਨੂੰ DWR ਦੇ ਅਧਿਕਾਰ ਖੇਤਰ ਵਿੱਚ ਵਾਪਸ ਕਰਨ ਬਾਰੇ ਵਧੇਰੇ ਜਾਣਕਾਰੀ ਸ਼ਾਮਲ ਕਰਦਾ ਹੈ।

ਸਥਿਰਤਾ ਪ੍ਰਾਪਤ ਕਰਨ ਵੱਲ ਵਧਦੇ ਹੋਏ GSAs ਨੂੰ ਆਪਣੇ GSPs ਦਾ ਮੁਲਾਂਕਣ ਕਰਨਾ ਜਾਰੀ ਰੱਖਣਾ ਚਾਹੀਦਾ ਹੈ। ਇੱਕ ਵਾਰ ਜਦੋਂ ਕੋਈ ਬੇਸਿਨ DWR ਦੇ ਅਧਿਕਾਰ ਖੇਤਰ ਵਿੱਚ ਵਾਪਸ ਕਰ ਦਿੱਤਾ ਜਾਂਦਾ ਹੈ, ਤਾਂ GSPs ਦੀ ਸਮੇਂ-ਸਮੇਂ 'ਤੇ ਸਮੀਖਿਆ ਕੀਤੀ ਜਾਵੇਗੀ। ਸਟਾਫ ਮੁਲਾਂਕਣ ਦੇ ਭਾਗ 4 ਵਿੱਚ GSAs ਲਈ ਭਵਿੱਖ ਦੇ GSP ਸੰਸ਼ੋਧਨਾਂ ਵਿੱਚ ਬੇਸਿਨ ਵਿੱਚ ਭੂਮੀਗਤ ਜਲ ਦੇ ਪ੍ਰਬੰਧਨ ਵਿੱਚ ਸੋਧ 'ਤੇ ਵਿਚਾਰ ਕਰਨ ਲਈ ਸਿਫ਼ਾਰਸ਼ਾਂ ਸ਼ਾਮਲ ਹਨ।




**ਚਿਤਰ 1**

**ਕਾਵੇਹ ਸਬਬੇਸਿਨ ਬਾਰੇ ਸੰਖੇਪ ਜਾਣਕਾਰੀ**

ਕਾਵੇਹ ਸਬਬੇਸਿਨ ਸਟਾਫ਼ ਮੁਲਾਂਕਣ
ਅਕਤੂਬਰ 2025

ਕਾਵੇਹ (Kaweah) ਸਬਬੇਸਿਨ

ਜਲ-ਵਿਗਿਆਨਕ ਖੇਤਰ

CALIFORNIA Water Boards
STATE WATER RESOURCES CONTROL BOARD
REGIONAL WATER QUALITY CONTROL BOARDS